# ਆਤਮਨਿਰਭਰ ਭਾਰਤ

## ਭਾਗ-2 : ਪ੍ਰਵਾਸੀ ਅਤੇ ਕਿਸਾਨਾਂ ਸਮੇਤ ਗ਼ਰੀਬ

14.05.2020

सत्यमेव जयते
ਭਾਰਤ ਸਰਕਾਰ



# ਕੋਵਿਡ ਤੋਂ ਬਾਅਦ ਕਿਸਾਨਾਂ ਅਤੇ ਗ੍ਰਾਮੀਣ ਅਰਥਵਿਵਸਥਾ ਨੂੰ ਸਿੱਧੀ ਸਹਾਇਤਾ ਦਿੱਤੀ

- 4.22 ਲੱਖ ਕਰੋੜ ਰੁਪਏ ਦੇ ਖੇਤੀਬਾੜੀ ਕਰਜ਼ੇ ਵਾਲੇ **3 ਕਰੋੜ ਕਿਸਾਨਾਂ** ਨੇ **3 ਮਹੀਨਿਆਂ ਦੀ ਕਰਜ਼ਾ ਮੁਹਲਤ** ਦਾ ਲਾਭ ਉਠਾਇਆ।
- 1 ਮਾਰਚ ਨੂੰ ਡਿਊ **ਫ਼ਸਲੀ ਕਰਜ਼ਿਆਂ ’ਤੇ ਵਿਆਜ ਸਬਵੈਂਸ਼ਨ** ਅਤੇ ਤੁਰੰਤ **ਰੀਪੇਮੈਂਟ ਇਨਸੈਂਟਿਵ ਵਧਾ ਕੇ 31 ਮਈ, 2020** ਤੱਕ ਕੀਤਾ।
- **25000 ਕਰੋੜ ਰੁਪਏ ਦੀ ਕਰਜ਼ਾ ਸੀਮਾ** ਨਾਲ, **25 ਲੱਖ ਨਵੇਂ ਕਿਸਾਨ ਕ੍ਰੈਡਿਟ ਕਾਰਡ ਪ੍ਰਵਾਨ**।



# ਕੋਵਿਡ ਤੋਂ ਬਾਅਦ ਕਿਸਾਨਾਂ ਅਤੇ ਗ੍ਰਾਮੀਣ ਅਰਥਵਿਵਸਥਾ ਨੂੰ ਲਿਕਿਉਡਿਟੀ ਸਹਾਇਤਾ

- ਖੇਤੀ ਲਈ **86,600 ਕਰੋੜ** ਰੁਪਏ ਦੇ **63 ਲੱਖ ਕਰਜ਼ੇ** 1.03.2020 ਤੋਂ 30.04.2020 ਦਰਮਿਆਨ ਪ੍ਰਵਾਨ ਕੀਤੇ ਗਏ।

- ਨਾਬਾਰਡ ਦੁਆਰਾ ਸਹਿਕਾਰੀ ਬੈਂਕਾਂ ਅਤੇ ਖੇਤਰੀ ਗ੍ਰਾਮੀਣ ਬੈਂਕਾਂ ਲਈ ਮਾਰਚ, 2020 ਵਿਚ **29,500 ਕਰੋੜ ਰੁਪਏ** ਦੀ ਮੁੜ ਫਾਇਨਾਂਸਿੰਗ ਕੀਤੀ ਗਈ।

- **ਗ੍ਰਾਮੀਣ ਢਾਂਚਾ ਵਿਕਾਸ ਫੰਡ** ਅਧੀਨ **ਰਾਜਾਂ ਨੂੰ** ਗ੍ਰਾਮੀਣ ਢਾਂਚੇ ਲਈ **4,200 ਕਰੋੜ ਰੁਪਏ** ਦੀ ਮਦਦ ਮਾਰਚ, 2020 ਵਿੱਚ ਪ੍ਰਦਾਨ ਕੀਤੀ ਗਈ।

- ਖੇਤੀ ਉਤਪਾਦ ਖਰੀਦਣ ਲਈ **ਰਾਜ ਸਰਕਾਰ ਦੀਆਂ ਸੰਸਥਾਵਾਂ** ਨੂੰ ਮਾਰਚ, 2020 ਤੋਂ **6,700 ਕਰੋੜ ਰੁਪਏ** ਦੀ ਕੰਮਕਾਜੀ ਪੂੰਜੀ ਦੀ ਪ੍ਰਵਾਨਗੀ ਦਿੱਤੀ ਗਈ।



# ਪਿਛਲੇ 2 ਮਹੀਨਿਆਂ ਦੌਰਾਨ ਪ੍ਰਵਾਸੀਆਂ ਤੇ ਸ਼ਹਿਰੀ ਗ਼ਰੀਬਾਂ ਲਈ ਮਦਦ

- ਭਾਰਤ ਸਰਕਾਰ ਨੇ **ਰਾਜ ਸਰਕਾਰਾਂ ਨੂੰ ਪ੍ਰਵਾਸੀਆਂ ਲਈ ਸ਼ੈਲਟਰ ਸਥਾਪਿਤ ਕਰਨ ਅਤੇ ਉਨ੍ਹਾਂ ਨੂੰ ਭੋਜਨ ਤੇ ਪਾਣੀ ਆਦਿ ਮੁਹੱਈਆ ਕਰਵਾਉਣ ਲਈ 'ਸਟੇਟ ਆਪਦਾ ਰਿਸਪਾਂਸ ਫ਼ੰਡ' (ਐੱਸਡੀਆਰਐੱਫ਼) ਦਾ ਉਪਯੋਗ ਕਰਨ ਦੀ ਇਜਾਜ਼ਤ** ਦੇ ਦਿੱਤੀ ਹੈ।
- **ਕੇਂਦਰ ਸਰਕਾਰ ਨੇ** ਸਾਰੇ ਰਾਜਾਂ ਨੂੰ ਉਨ੍ਹਾਂ ਦੇ ਐੱਸਡੀਆਰਐੱਫ਼ ਫ਼ੰਡਾਂ ਵਿੱਚ ਵਾਧਾ ਕਰਨ ਲਈ 3 ਅਪ੍ਰੈਲ ਨੂੰ ਪੇਸ਼ਗੀ ਵਜੋਂ **11,002 ਕਰੋੜ ਰੁਪਏ ਦਾ ਆਪਣਾ ਅੰਸ਼ਦਾਨ ਵੀ ਜਾਰੀ ਕਰ ਦਿੱਤਾ ਸੀ।**
- 28 ਮਾਰਚ, 2020 ਤੋਂ ਲੌਕਡਾਊਨ ਦੌਰਾਨ **ਸ਼ਹਿਰੀ ਬੇਘਰਾਂ ਲਈ ਸ਼ੈਲਟਰ (ਐੱਸਯੂਐੱਚ)** ਦੇ ਨਿਵਾਸੀਆਂ ਲਈ ਇੱਕ ਦਿਨ ਵਿੱਚ ਸਾਫ਼–ਸੁਥਰੇ ਢੰਗ ਨਾਲ ਤਿਆਰ ਕੀਤੇ **ਤਿੰਨ ਵਾਰ ਭੋਜਨ ਮੁਹੱਈਆ ਕਰਵਾਇਆ ਗਿਆ।**
- 12,000 ਸੈੱਲਫ ਹੈਲਪ ਗਰੁੱਪਾਂ (ਐੱਸਐੱਚਜੀ) ਨੇ **3 ਕਰੋੜ ਮਾਸਕ ਅਤੇ 1.20 ਲੱਖ ਲਿਟਰ ਸੈਨੀਟਾਈਜ਼ਰ** ਤਿਆਰ ਕੀਤਾ ਹੈ। ਇਸ ਨਾਲ ਸ਼ਹਿਰੀ ਗ਼ਰੀਬਾਂ ਨੂੰ ਰੋਜ਼ਗਾਰ ਦਾ ਵਾਧੂ ਮੌਕਾ ਮਿਲਿਆ।
- ਸੈੱਲਫ ਹੈਲਪ ਗਰੁੱਪਾਂ ਲਈ ਰੀਵੌਲਵਿੰਗ ਫ਼ੰਡ (ਆਰਐੱਫ਼) ਦਾ ਭੁਗਤਾਨ **'ਪੈਸਾ ਪੋਰਟਲ' (PAiSA Portal)** ਉੱਤੇ ਅਪ੍ਰੈਲ 2020 ਵਿੱਚ ਪਾਇਲਟ ਆਧਾਰ ਉੱਤੇ ਗੁਜਰਾਤ ਵਿੱਚ ਕੀਤਾ ਗਿਆ ਸੀ ਅਤੇ ਹੁਣ ਮਈ 2020 ਵਿੱਚ ਇਸ ਨੂੰ ਸਾਰੇ ਰਾਜਾਂ ਵਿੱਚ ਲਾਗੂ ਕੀਤਾ ਜਾ ਰਿਹਾ ਹੈ।
- 15 ਮਾਰਚ, 2020 ਤੋਂ ਇਸ ਸਮੇਂ ਦੌਰਾਨ **ਸ਼ਹਿਰੀ ਗ਼ਰੀਬਾਂ ਦੇ ਨਵੇਂ 7,200 ਸੈੱਲਫ ਹੈਲਪ ਗਰੁੱਪ ਤਿਆਰ ਕੀਤੇ** ਗਏ ਹਨ।





# ਵਾਪਸ ਜਾ ਰਹੇ ਪ੍ਰਵਾਸੀਆਂ ਲਈ ਮਨਰੇਗਾ ਸਹਾਇਤਾ

- 13 ਮਈ, 2020 ਤੱਕ ਕੰਮ ਦੇ 14.62 ਕਰੋੜ ਵਿਅਕਤੀ–ਦਿਵਸ ਪੈਦਾ ਕੀਤੇ ਗਏ

ਅੱਜ ਦੀ ਤਰੀਕ ਤੱਕ ਅਸਲ ਖ਼ਰਚਾ ਲਗਭਗ 10,000 ਕਰੋੜ ਰੁਪਏ ਹੈ।

- **1.87 ਲੱਖ ਗ੍ਰਾਮ ਪੰਚਾਇਤਾਂ ਵਿੱਚ ਕੱਲ੍ਹ ਦਿਹਾੜੀ ਤਲਾਸ਼ ਕਰਨ ਵਾਲੇ 2.33 ਕਰੋੜ ਲੋਕਾਂ ਨੂੰ ਕੰਮ ਦੀ ਪੇਸ਼ਕਸ਼ ਕੀਤੀ ਗਈ**
- **ਪਿਛਲੇ ਸਾਲ ਮਈ ਦੇ ਮੁਕਾਬਲੇ 40–50% ਵੱਧ ਵਿਅਕਤੀ ਇਸ ਕੰਮ ਵਿੱਚ ਸ਼ਾਮਲ ਕੀਤੇ ਗਏ**
- **ਪਿਛਲੇ ਵਿੱਤੀ ਵਰ੍ਹੇ ਦੇ 182 ਰੁਪਏ ਦੇ ਮੁਕਾਬਲੇ ਉਜਰਤ (ਤਨਖ਼ਾਹ) ਦੀ ਔਸਤ ਦਰ ਵਧ ਕੇ 202 ਰੁਪਏ ਹੋ ਗਈ**
- **ਪਰਤ ਰਹੇ ਪ੍ਰਵਾਸੀਆਂ ਨੂੰ ਸ਼ਾਮਲ ਕਰਨ ਲਈ ਮੁਹਿੰਮ ਚਲਾਈ ਜਾ ਰਹੀ ਹੈ**
- ਰਾਜਾਂ / ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਸਲਾਹ ਦਿੱਤੀ ਗਈ ਕਿ ਪ੍ਰਵਾਸੀ ਕਾਮਿਆਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਅਨੁਸਾਰ ਕੰਮ ਮੁਹੱਈਆ ਕਰਵਾਇਆ ਜਾਵੇ।
- ਮੌਨਸੂਨ ਵਿੱਚ ਵੀ ਮਨਰੇਗਾ ਕੰਮ ਜਾਰੀ ਰੱਖਣ ਲਈ ਯੋਜਨਾਬੰਦੀ: ਪੌਦਾਰੋਪਣ, ਬਾਗ਼ਬਾਨੀ, ਪਸ਼ੂ–ਧਨ ਨਾਲ ਸਬੰਧ



# ਲੇਬਰ ਕੋਡ – ਵਰਕਰਾਂ ਲਈ ਲਾਭ

- ਘੱਟੋ-ਘੱਟ ਉਜਰਤ ਦੇ ਅਧਿਕਾਰ ਨੂੰ ਵਿਸ਼ਵਵਿਆਪੀ ਬਣਾਉਣਾ ਅਤੇ ਗ਼ੈਰ ਸੰਗਠਿਤ ਵਰਕਰਾਂ ਸਮੇਤ ਸਾਰੇ ਵਰਕਰਾਂ ਨੂੰ ਦਿਹਾੜੀ ਦੀ ਸਮੇਂ ਸਿਰ ਅਦਾਇਗੀ - ਮੌਜੂਦਾ ਸਮੇਂ ਘੱਟੋ-ਘੱਟ ਉਜਰਤ ਸਿਰਫ਼ 30 ਪ੍ਰਤੀਸ਼ਤ ਮਜ਼ਦੂਰਾਂ ’ਤੇ ਲਾਗੂ ਹੈ।
- ਰਾਸ਼ਟਰੀ ਫਲੋਰ/ਹੇਠਲੀ ਉਜਰਤ ਦੀ ਸੰਵਿਧਾਨਿਕ ਧਾਰਨਾ ਪੇਸ਼ ਕੀਤੀ ਗਈ: ਘੱਟੋ-ਘੱਟ ਉਜਰਤ ਵਿੱਚ ਖੇਤਰੀ ਅਸਮਾਨਤਾ ਨੂੰ ਘਟਾਇਆ ਜਾਵੇਗਾ।
- ਘੱਟੋ-ਘੱਟ ਉਜਰਤ ਦਾ ਨਿਰਧਾਰਨ ਸੌਖਾ ਕੀਤਾ ਬਣਾਇਆ ਜਾਵੇ, ਜਿਸ ਨਾਲ ਘੱਟੋ-ਘੱਟ ਉਜਰਤ ਦੀਆਂ ਵੱਖ-ਵੱਖ ਦਰਾਂ ਘੱਟ ਹੋਣ ਅਤੇ ਬਿਹਤਰ ਪਾਲਣਾ ਹੋਵੇ।
- ਸਾਰੇ ਮਜ਼ਦੂਰਾਂ ਲਈ ਨਿਯੁਕਤੀ ਪੱਤਰ - ਇਹ ਰਸਮੀਕਰਨ ਨੂੰ ਉਤਸ਼ਾਹਿਤ ਕਰੇਗਾ।
- ਕਰਮਚਾਰੀਆਂ ਲਈ ਸਲਾਨਾ ਸਿਹਤ ਜਾਂਚ।
- ਕਿੱਤਾਮੁਖੀ ਸੇਫ਼ਟੀ ਅਤੇ ਸਿਹਤ (ਓਐੱਸਐੱਚ) ਕੋਡ 10 ਤੋਂ ਵੀ ਘੱਟ ਮਜ਼ਦੂਰਾਂ ਨੂੰ ਰੱਖਣ ਵਾਲੀਆਂ ਖ਼ਤਰਨਾਕ ਕੁਦਰਤੀ ਕੰਮ ਵਿੱਚ ਲੱਗੀਆਂ ਹੋਈਆਂ ਸੰਸਥਾਵਾਂ ਉੱਤੇ ਲਾਗੂ ਹੈ।



# ਲੇਬਰ ਕੋਡ – ਵਰਕਰਾਂ ਲਈ ਲਾਭ

- ਅੰਤਰਰਾਜੀ ਪ੍ਰਵਾਸੀ ਵਰਕਰਾਂ ਦੀ ਪਰਿਭਾਸ਼ਾ ਨੂੰ ਸੋਧਿਆ ਗਿਆ ਹੈ, ਜਿਸ ਵਿੱਚ ਠੇਕੇਦਾਰ ਦੁਆਰਾ ਕੰਮ 'ਤੇ ਰੱਖੇ ਪ੍ਰਵਾਸੀ ਮਜ਼ਦੂਰਾਂ ਤੋਂ ਇਲਾਵਾ, ਮਾਲਕ ਦੁਆਰਾ ਸਿੱਧੇ ਤੌਰ 'ਤੇ ਪ੍ਰਵਾਸੀ ਮਜ਼ਦੂਰ ਨੂੰ ਦਿੱਤਾ ਰੁਜ਼ਗਾਰ ਅਤੇ ਸਿੱਧਾ ਦੂਜੇ ਰਾਜ ਵਿੱਚ ਕੰਮ ਲਈ ਜਾਣ ਵਾਲੇ ਮਜ਼ਦੂਰਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।
- **ਪ੍ਰਵਾਸੀ ਵਰਕਰਾਂ ਲਈ ਭਲਾਈ ਲਾਭਾਂ ਦੀ ਪੋਰਟੇਬਿਲਿਟੀ।**
- **ਸਾਰੇ ਜਿਲ੍ਹਿਆਂ ਅਤੇ ਸਾਰੀਆਂ ਸੰਸਥਾਵਾਂ ਵਿੱਚ ਈਐੱਸਆਈਸੀ ਕਵਰੇਜ** ਦਾ ਵਿਸਥਾਰ ਕੀਤਾ ਜਾਵੇਗਾ, ਇਹ ਨਾ ਕਿ ਸਿਰਫ਼ ਸੂਚਿਤ ਜ਼ਿਲ੍ਹਿਆਂ / ਖੇਤਰਾਂ ਵਾਲੀਆਂ ਸੰਥਾਵਾਂ ਉੱਤੇ ਬਲਕਿ 10 ਜਾਂ ਇਸ ਤੋਂ ਵੱਧ ਕਰਮਚਾਰੀਆਂ ਨੂੰ ਰੋਜ਼ਗਾਰ ਦੇਣ ਵਾਲੀਆਂ ਸਾਰੀਆਂ ਸੰਸਥਾਵਾਂ ਉੱਤੇ ਵੀ ਲਾਗੂ ਹੋਵੇਗਾ।
- 10 ਤੋਂ ਘੱਟ ਕਰਮਚਾਰੀ ਰੱਖਣ ਵਾਲੀਆਂ ਸੰਸਥਾਵਾਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਲਈ ਈਐੱਸਆਈਸੀ ਕਵਰੇਜ ਦੇਣਾ ਸਵੈ-ਇੱਛਾ ਦੇ ਅਧਾਰ 'ਤੇ ਹੋਵੇਗਾ।
- ਖ਼ਤਰਨਾਕ ਉਦਯੋਗਾਂ ਵਿੱਚ 10 ਤੋਂ ਘੱਟ ਕਰਮਚਾਰੀਆਂ ਲਈ ਕੇਂਦਰ ਸਰਕਾਰ ਦੁਆਰਾ ਨੋਟੀਫਿਕੇਸ਼ਨ ਰਾਹੀਂ ਈਐੱਸਆਈਸੀ ਦੀ ਕਵਰੇਜ ਲਾਜ਼ਮੀ ਹੈ।



# ਲੇਬਰ ਕੋਡ – ਵਰਕਰਾਂ ਲਈ ਲਾਭ

- ਗਿਗ ਵਰਕਰ ਅਤੇ ਪਲੈਟਫਾਰਮ ਵਰਕਰਾਂ ਲਈ ਸਮਾਜਿਕ ਸੁਰੱਖਿਆ ਯੋਜਨਾ।

ਛਾਂਟੀ ਕੀਤੇ ਕਰਮਚਾਰੀਆਂ ਲਈ ਰੀ-ਸਕਿਲਿੰਗ ਫੰਡ ਪੇਸ਼ ਕੀਤਾ ਗਿਆ।

- ਸਾਰੇ ਕਿੱਤੇ ਔਰਤਾਂ ਲਈ ਖੋਲ੍ਹੇ ਗਏ ਅਤੇ ਉਨ੍ਹਾਂ ਨੂੰ ਰਾਤ ਵੇਲੇ ਰੱਖਿਆ ਸਮੇਤ ਕੰਮ ਕਰਨ ਦੀ ਆਗਿਆ ਦਿੱਤੀ ਗਈ।

- ਅਸੰਗਠਿਤ ਮਜ਼ਦੂਰਾਂ ਲਈ ਸੋਸ਼ਲ ਸਿਕਿਉਰਿਟੀ ਫੰਡ ਦੀ ਵਿਵਸਥਾ।

- ਸਥਿਰ ਮਿਆਦ ਰੋਜ਼ਗਾਰ ਲਈ ਗਰੈਚੁਟੀ - 5 ਸਾਲ ਦੀ ਬਜਾਏ ਇੱਕ ਸਾਲ ਦੀ ਸੇਵਾ ਮੁਕੰਮਲ ਹੋਣ ’ਤੇ ਗਰੈਚੁਟੀ ਦੀ ਵਿਵਸਥਾ।



# ਕੱਲ੍ਹ ਐਲਾਨੇ ਗਏ ਉਪਾਅ

सत्यमेव जयते
Goverment Of India

ਕੱਲ੍ਹ ਕਾਰੋਬਾਰਾਂ ਲਈ ਆਮ ਤੌਰ 'ਤੇ ਅਤੇ ਸੂਖਮ, ਲਘੂ ਅਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ) ਲਈ ਖਾਸ ਤੌਰ 'ਤੇ ਕਈ ਉਪਾਵਾਂ ਦਾ ਐਲਾਨ ਕੀਤਾ ਗਿਆ ਸੀ। ਸਾਰੇ ਕਾਰੋਬਾਰਾਂ ਦੀ ਮਦਦ ਕਰਨ ਵਾਲੇ ਇਹ ਉਪਾਅ ਤੁਹਾਨੂੰ ਸਮਝਾਉਣ ਲਈ ਮੁੜ ਸੂਚੀਬੱਧ ਕੀਤੇ ਜਾ ਰਹੇ ਹਨ:

- **ਐੱਮਐੱਸਐੱਮ ਸਮੇਤ** ਕਾਰੋਬਾਰੀ ਅਦਾਰਿਆਂ ਲਈ 3 **ਲੱਖ ਕਰੋੜ ਰੁਪਏ ਦੀ ਐਮਰਜੈਂਸੀ ਵਰਕਿੰਗ ਕੈਪੀਟਲ ਫ਼ੈਸਿਲਿਟੀ।**
- 200 ਕਰੋੜ ਰੁਪਏ ਤੱਕ ਦੇ ਸਰਕਾਰੀ ਟੈਂਡਰਾਂ ਲਈ ਕੋਈ ਗਲੋਬਲ ਟੈਂਡਰ ਨਹੀਂ।
- ਕਾਰੋਬਾਰੀ ਤੇ ਸੰਗਠਿਤ ਕਾਮਿਆਂ ਵਾਸਤੇ ਜੂਨ, ਜੁਲਾਈ ਤੇ ਅਗਸਤ 2020 ਦੇ ਤਿੰਨ ਹੋਰ ਤਨਖਾਹ ਮਹੀਨਿਆਂ ਲਈ ਈਪੀਐੱਫ਼ ਸਹਾਇਤਾ ਦੇਣਾ – ਇਸ ਨਾਲ **ਐੱਮਐੱਸਐੱਮਈ ਤੇ ਹੋਰ ਕਾਰੋਬਾਰਾਂ ਵਿੱਚ ਕਾਮਿਆਂ ਲਈ ਲਿਕੁਇਡਿਟੀ (ਤਰਲਤਾ)** ਪ੍ਰਦਾਨ ਹੋਵੇਗੀ।
- ਅਗਲੇ 3 ਮਹੀਨਿਆਂ ਵਾਸਤੇ ਸਾਰੇ ਸੰਸਥਾਨਾਂ ਲਈ ਨਿਯੁਕਤੀਕਾਰਾਂ ਤੇ ਕਰਮਚਾਰੀਆਂ ਲਈ ਈਪੀਐੱਫ਼ ਅੰਸ਼ਦਾਨ 12% ਤੋਂ ਘਟਾ ਕੇ 10% ਕੀਤਾ, ਪੀਐੱਮਜੀਕੇਪੀ ਅਧੀਨ ਸਰਕਾਰੀ ਸਹਾਇਤਾ ਦੇ ਘੇਰੇ ਅਧੀਨ ਨਾ ਆਉਣ ਵਾਲੇ ਕਾਮਿਆਂ ਲਈ ਅਗਲੇ 3 ਮਹੀਨਿਆਂ ਵਾਸਤੇ ਤੇ ਇਸ ਦਾ ਵਿਸਥਾਰ – ਮੱਧ ਵਰਗ ਦੇ ਮੁਲਾਜ਼ਮਾਂ ਦੀ ਮਦਦ ਕਰੇਗਾ – ਇਸ ਨਾਲ **ਐੱਮਐੱਸਐੱਮਈ ਤੇ ਹੋਰ ਕਾਰੋਬਾਰਾਂ ਵਿੱਚ ਕੰਮ ਕਰਦੇ ਕਾਮਿਆਂ ਲਈ ਤਰਲਤਾ (ਲਿਕੁਇਡਿਟੀ) ਪ੍ਰਦਾਨ** ਹੋਵੇਗੀ।
- ਠੇਕੇਦਾਰਾਂ ਨੂੰ ਈਪੀਸੀ ਤੇ ਰਿਆਇਤੀ ਸਮਝੌਤਿਆਂ ਦੇ ਸਬੰਧ ਵਿੱਚ ਸਮੇਤ ਆਪਣੇ ਠੇਕੇ ਦੀਆਂ ਜ਼ਿੰਮਵਾਰੀਆਂ/ਸ਼ਰਤਾਂ ਪੂਰੀਆਂ ਕਰਨ ਲਈ ਛੇ ਮਹੀਨੇ ਤੱਕ ਦਾ ਸਮਾਂ ਹੋਰ ਦਿੱਤਾ ਜਾਵੇਗਾ।
- ਕਾਰੋਬਾਰੀ ਅਦਾਰਿਆਂ ਨੂੰ ਟੈਕਸ ਰਾਹਤ ਕਿਉਂਕਿ ਚੈਰਿਟੇਬਲ ਟ੍ਰੱਸਟਾਂ ਤੇ ਨੌਨ–ਕਾਰਪੋਰੇਟ ਕਾਰੋਬਾਰਾਂ ਤੇ ਕਿੱਤਿਆਂ ਨੂੰ ਆਮਦਨ ਟੈਕਸ ਦੇ ਮੁਲਤਵੀ ਪਏ ਰੀਫ਼ੰਡਜ਼ ਤੁਰੰਤ ਜਾਰੀ ਕੀਤੇ ਜਾਣਗੇ।
- ਵਿੱਤੀ ਸਾਲ 2020–21 ਦੇ ਬਾਕੀ ਰਹਿੰਦੇ ਸਮੇਂ ਲਈ 'ਟੈਕਸ ਡਿਡਕਸ਼ਨ ਐਟ ਸੋਰਸ' ਅਤੇ 'ਟੈਕਸ ਕਲੈਕਟਡ ਐਟ ਸੋਰਸ' ਦੀਆਂ ਦਰਟਾ ਵਿੱਚ 25% ਦੀ ਕਮੀ ਅਤੇ ਵੱਖੋ–ਵੱਖਰੇ ਟੈਕਸਾਂ ਨਾਲ ਸਬੰਧਤ ਆਖ਼ਰੀ ਤਰੀਕਾਂ ਅੱਗੇ ਵਧਾ ਦਿੱਤੀਆਂ ਗਈਆਂ ਹਨ – **ਜਿਨ੍ਹਾਂ ਦਾ ਲਾਭ ਸਾਰੇ ਕਾਰੋਬਾਰਾਂ ਨੂੰ ਹੋਵੇਗਾ।**

सत्यमेव जयते
Goverment Of India



# ਪ੍ਰਵਾਸੀ ਅਤੇ ਕਿਸਾਨਾਂ ਸਮੇਤ ਗ਼ਰੀਬ

# ਪ੍ਰਵਾਸੀਆਂ ਨੂੰ 2 ਮਹੀਨਿਆਂ ਲਈ ਅਨਾਜ ਦੀ ਮੁਫ਼ਤ ਸੱਪਲਾਈ

- ਵੱਖ-ਵੱਖ ਰਾਜਾਂ ਵਿੱਚ ਪ੍ਰਵਾਸੀਆਂ ਨੂੰ ਅਨਾਜ ਸਹਾਇਤਾ ਦੀ ਲੋੜ ਹੈ।
- ਪ੍ਰਵਾਸੀ ਜੋ **ਨਾ ਤਾਂ ਐੱਨਐੱਫ਼ਐੱਸਏ ਦੇ ਜਾਂ ਉਸ ਰਾਜ ਵਿੱਚ ਸਟੇਟ ਕਾਰਡ ਦੇ ਲਾਭਾਰਥੀ ਹਨ, ਜਿੱਥੇ ਉਹ ਰਹਿ ਰਹੇ ਹਨ, ਉਨ੍ਹਾਂ ਨੂੰ ਪ੍ਰਤੀ ਵਿਅਕਤੀ 5 ਕਿਲੋ ਅਨਾਜ ਅਤੇ ਹਰ ਪਰਿਵਾਰ ਲਈ ਇੱਕ ਕਿੱਲੋ ਛੋਲੇ ਪ੍ਰਤੀ ਮਹੀਨਾ ਦੋ ਮਹੀਨਿਆਂ ਲਈ ਦਿੱਤਾ ਜਾਵੇਗਾ।**
- ਲਗਭਗ **8 ਕਰੋੜ ਪ੍ਰਵਾਸੀਆਂ** ਨੂੰ ਲਾਭ ਹੋਣ ਦੀ ਉਮੀਦ ਹੈ।
- ਇਸ ਦਖਲ ’ਤੇ 2 ਮਹੀਨਿਆਂ ਲਈ **3500 ਕਰੋੜ ਰੁਪਏ** ਖ਼ਰਚ ਕੀਤੇ ਜਾਣਗੇ।
- **ਸਾਰੀ ਲਾਗਤ ਭਾਰਤ ਸਰਕਾਰ ਦੁਆਰਾ ਚੁੱਕੀ ਜਾਵੇਗੀ।**
- ਰਾਜ ਸਰਕਾਰਾਂ ਇਸਨੂੰ ਲਾਗੂ ਕਰਨ, ਪ੍ਰਵਾਸੀਆਂ ਦੀ ਪਛਾਣ ਕਰਨ ਅਤੇ ਪੂਰੀ ਵੰਡ ਕਰਨ ਅਤੇ ਵਿਸਥਾਰ ਦਿਸ਼ਾ ਨਿਰਦੇਸ਼ ਦੇਣ ਲਈ ਜ਼ਿੰਮੇਵਾਰ ਹੋਣਗੀਆਂ।



## ਟੈਕਨੋਲੋਜੀ ਸਿਸਟਮਾਂ ਦੀ ਵਰਤੋਂ ਕੀਤੀ ਜਾਵੇਗੀ ਤਾਕਿ ਪ੍ਰਵਾਸੀਆਂ ਦੀ ਜਨਤਕ ਵੰਡ ਪ੍ਰਣਾਲੀ (ਰਾਸ਼ਨ) ਤੱਕ ਭਾਰਤ ਵਿੱਚ ਕਿਸੇ ਵੀ ਰਾਸ਼ਨ ਦੀ ਦੁਕਾਨ ਤੋਂ ਮਾਰਚ, 2021 ਤੱਕ ਪਹੁੰਚ ਹੋ ਸਕੇ - ਇੱਕ ਰਾਸ਼ਟਰ ਇੱਕ ਰਾਸ਼ਨ ਕਾਰਡ

- ਪ੍ਰਵਾਸੀ ਪਰਿਵਾਰ ਦੂਜੇ ਰਾਜਾਂ ਵਿੱਚ ਅਨਾਜ ਤੱਕ ਪਹੁੰਚ ਨਹੀਂ ਰੱਖਦੇ।
- ਇਸ ਸਕੀਮ ਨਾਲ ਪ੍ਰਵਾਸੀ ਲਾਭਾਰਥੀਆਂ ਦੀ ਦੇਸ਼ ਭਰ ਵਿੱਚ ਕਿਸੇ ਵੀ ਸਸਤੇ ਮੁੱਲ ਦੀ ਰਾਸ਼ਨ ਦੀ ਦੁਕਾਨ ਉੱਤੇ ਪਹੁੰਚ ਹੋ ਸਕੇਗੀ (ਅੰਤਰ-ਰਾਜੀ ਪੋਰਟੇਬਿਲਟੀ 20 ਰਾਜਾਂ ਵਿਚ ਸ਼ੁਰੂ ਕੀਤੀ ਗਈ)।
- **ਪ੍ਰਧਾਨ ਮੰਤਰੀ ਦੇ ਟੈਕਨੋਲੋਜੀ ਅਧਾਰਿਤ ਸਿਸਟਮ ਸੁਧਾਰਾਂ ਦਾ ਹਿੱਸਾ।**
- **23 ਰਾਜਾਂ ਵਿਚ 67 ਕਰੋੜ ਲਾਭਾਰਥੀਆਂ ਵਿੱਚੋਂ 83% ਜੋ ਕਿ ਪੀਡੀਐੱਸ ਆਬਾਦੀ ਦਾ ਹਿੱਸਾ ਹਨ, ਅਗਸਤ, 2020 ਤੱਕ ਰਾਸ਼ਟਰੀ ਪੋਰਟੇਬਿਲਟੀ ਅਧੀਨ ਆ ਜਾਣਗੇ।**
- **ਮਾਰਚ, 2021 ਤੱਕ 100% ਰਾਸ਼ਟਰੀ ਪੋਰਟੇਬਿਲਟੀ ਹਾਸਿਲ ਕਰ ਲਈ ਜਾਵੇਗੀ।**
- **ਸਾਰੇ ਰਾਜ /ਕੇਂਦਰ ਸ਼ਾਸਿਤ ਪ੍ਰਦੇਸ਼ ਮਾਰਚ, 2021 ਤੱਕ ਮੁਕੰਮਲ ਐੱਫਪੀਐੱਸ ਆਟੋਮੇਸ਼ਨ ਹਾਸਲ ਕਰ ਲੈਣਗੇ।**



# ਪ੍ਰਵਾਸੀ ਵਰਕਰਾਂ / ਸ਼ਹਿਰੀ ਗ਼ਰੀਬਾਂ ਲਈ ਕਿਫਾਇਤੀ ਰੈਂਟਲ ਹਾਊਸਿੰਗ ਕੰਪਲੈਕਸ (ਏਆਰਐੱਚਸੀ)

ਪ੍ਰਵਾਸੀ ਮਜ਼ਦੂਰਾਂ/ਸ਼ਹਿਰੀ ਗ਼ਰੀਬਾਂ ਨੂੰ ਕਿਫਾਇਤੀ ਰੈਂਟਲ ਮਕਾਨ ਲੈਣ ਲਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਰਕਾਰ **ਪੀਐੱਮਵਾਈਏ ਅਧੀਨ ਪ੍ਰਵਾਸੀ ਮਜ਼ਦੂਰਾਂ/ਸ਼ਹਿਰੀ ਗ਼ਰੀਬਾਂ ਲਈ ਇੱਕ ਸਕੀਮ** ਲਿਆ ਰਹੀ ਹੈ ਜਿਸ ਵਿੱਚ ਉਨ੍ਹਾਂ ਨੂੰ ਸਸਤੇ ਕਿਰਾਏ ਉੱਤੇ ਈਜ਼ ਆਵ੍ ਲਿਵਿੰਗ ਦੀ ਸਹੂਲਤ ਮਿਲੇਗੀ।

(i) ਸ਼ਹਿਰਾਂ ਵਿੱਚ ਸਰਕਾਰੀ ਫੰਡ ਨਾਲ ਤਿਆਰ ਮਕਾਨਾਂ ਨੂੰ ਸਸਤੇ ਕਿਰਾਏ ਉੱਤੇ ਹਾਊਸਿੰਗ ਕੰਪਲੈਕਸ (ਏਆਰਐੱਚਸੀ) ਵਿੱਚ ਪੀਪੀਮੋਡ ਅਧੀਨ ਰਿਆਇਤਾਂ ਦੇ ਕੇ ਤਬਦੀਲ ਕਰਨਾ;

(ii) **ਨਿਰਮਾਣ ਯੂਨਿਟਾਂ, ਉਦਯੋਗਾਂ, ਸੰਸਥਾਵਾਂ, ਐਸੋਸੀਏਸ਼ਨਾਂ ਨੂੰ ਕਿਫਾਇਤੀ ਰੈਂਟਲ ਹਾਊਸਿੰਗ ਕੰਪਲੈਕਸ (ਏਆਰਐੱਚਸੀ)** ਆਪਣੀ ਪ੍ਰਾਈਵੇਟ ਜ਼ਮੀਨ ਉੱਤੇ ਬਣਾਉਣ ਲਈ ਅਤੇ ਅਪ੍ਰੇਟ ਕਰਨ ਲਈ ਪ੍ਰੇਰਿਤ ਕਰਨਾ; ਅਤੇ

(iii) **ਰਾਜ ਸਰਕਾਰਾਂ ਦੀਆਂ ਏਜੰਸੀਆਂ /ਕੇਂਦਰ ਸਰਕਾਰ ਦੇ ਸੰਗਠਨਾਂ ਨੂੰ ਇਸੇ ਲੀਹ ਉੱਤੇ ਕਿਫਾਇਤੀ ਰੈਂਟਲ ਹਾਊਸਿੰਗ ਕੰਪਲੈਕਸ (ਏਆਰਐੱਚਸੀ)** ਬਣਾਉਣ ਲਈ ਅਤੇ ਅਪ੍ਰੇਟ ਕਰਨ ਲਈ ਪ੍ਰੇਰਿਤ ਕਰਨਾ।

ਮੰਤਰਾਲਾ ਦੁਆਰਾ ਅਗਵਾਈ ਲੀਹਾਂ ਜਾਰੀ ਕੀਤੀਆਂ ਜਾਣਗੀਆਂ



# ਮੁਦਰਾ–ਸ਼ਿਸ਼ੂ ਲੋਨ੍ਹਾਂ ਲਈ 1,500 ਕਰੋੜ ਰੁਪਏ ਦੀ ਵਿਆਜ ਸਬਵੈਂਸ਼ਨ

- ‘ਮੁਦਰਾ’ ਅਧੀਨ ਛੋਟੇ ਕਾਰੋਬਾਰਾਂ ਦਾ ਸਭ ਤੋ ਵੱਧ ਨੁਕਸਾਨ ਹੋਇਆ ਹੈ ਤੇ ਮਾਸਿਕ ਕਿਸ਼ਤਾਂ (ਈਐੱਮਆਈਜ਼) ਅਦਾ ਕਰਨ ਦੀ ਉਨ੍ਹਾਂ ਦੀ ਸਮਰੱਥਾ ਉੱਤੇ ਵੀ ਅਸਰ ਪਿਆ ਹੈ।
- ਭਾਰਤੀ ਰਿਜ਼ਰਵ ਬੈਂਕ ਵੱਲੋਂ ਪਹਿਲਾਂ ਕਰਜ਼ੇ ਦੀਆਂ ਕਿਸ਼ਤਾਂ ਉੱਤੇ ਰੋਕ ਮਨਜ਼ੂਰ ਕੀਤੀ ਗਈ ਹੈ।
- **ਮੁਦਰਾ–ਸ਼ਿਸ਼ੂ ਲੋਨਾਂ ਦਾ ਮੌਜੂਦਾ ਪੋਰਟਫ਼ੋਲੀਓ ਹੈ** ~ 1.62 ਲੱਖ ਕਰੋੜ ਰੁਪਏ (ਕਰਜ਼ੇ ਦੀ ਵੱਧ ਤੋਂ ਵੱਧ ਰਕਮ 50,000 ਰੁਪਏ)
- ਭਾਰਤ ਸਰਕਾਰ **ਤੁਰੰਤ ਭੁਗਤਾਨ ਕਰਨ ਵਾਲਿਆਂ ਲਈ 12 ਮਹੀਨਿਆਂ ਦੇ ਸਮੇਂ ਵਾਸਤੇ 2% ਵਿਆਜ ਸਬਵੈਂਸ਼ਨ ਮੁਹੱਈਆ** ਕਰਵਾਏਗੀ।
- **ਮੁਦਰਾ–ਸ਼ਿਸ਼ੂ ਕਰਜ਼ਦਾਰਾਂ ਨੂੰ 1,500 ਕਰੋੜ ਰੁਪਏ ਦੀ ਰਾਹਤ।**



# ਸਟ੍ਰੀਟ ਵੈਂਡਰਾਂ ਦੇ ਲਈ 5000 ਕਰੋੜ ਰੁਪਏ ਦੀ ਵਿਸ਼ੇਸ਼ ਕ੍ਰੈਡਿਟ ਸੁਵਿਧਾ

- ਕੋਵਿਡ-19 ਦੇ ਕਾਰਨ ਸਟ੍ਰੀਟ ਵੈਂਡਰਾਂ ਦੀ ਆਜੀਵਿਕਾ 'ਤੇ ਨਕਾਰਾਤਮਕ ਪ੍ਰਭਾਵ।
- ਸਟ੍ਰੀਟ ਵੈਂਡਰਾਂ ਨੂੰ ਕ੍ਰੈਡਿਟ ਦੀ ਅਸਾਨ ਸੁਵਿਧਾ ਦੇਣ ਦੇ ਲਈ ਸਰਕਾਰ **ਇੱਕ ਮਹੀਨੇ ਦੇ ਅੰਦਰ** ਇੱਕ ਵਿਸ਼ੇਸ਼ ਯੋਜਨਾ ਸ਼ੁਰੂ ਕਰੇਗੀ।
- **10,000 ਰੁਪਏ ਤੱਕ ਦੀ ਸ਼ੁਰੂਆਤੀ ਵਰਕਿੰਗ ਕੈਪੀਟਲ**।
- ਡਿਜੀਟਲ ਭੁਗਤਾਨ ਨੂੰ ਆਰਥਿਕ ਪ੍ਰਤੀਫਲ ਦੇ ਮਾਧਿਅਮ ਨਾਲ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਕਾਰਜਸ਼ੀਲ ਪੂੰਜੀਗਤ ਕਰਜ਼ੇ ਵਧੇ ਹੋਏ ਭੁਗਤਾਨ ਦੇ ਚੰਗੇ ਵਤੀਰੇ ਲਈ ਉਪਲੱਬਧ ਕਰਵਾਏ ਜਾਣਗੇ।
- ਲਗਭਗ **50 ਲੱਖ ਸਟ੍ਰੀਟ ਵੈਂਡਰਾਂ** ਨੂੰ ਮਦਦ ਦੇਵੇਗਾ।
- **5000 ਕਰੋੜ ਰੁਪਏ ਦੀ ਤਰਲਤਾ (ਲਿਕਿਉਡਿਟੀ)** ਪ੍ਰਦਾਨ ਕਰੇਗਾ।



# ਸੀਐੱਲਐੱਸਐੱਸ ਦੇ ਵਿਸਤਾਰ ਜ਼ਰੀਏ ਹਾਊਸਿੰਗ ਸੈਕਟਰ ਅਤੇ ਮਿਡਲ ਇਨਕਮ ਗਰੁੱਪ ਨੂੰ 70,000 ਕਰੋੜ ਰੁਪਏ ਦਾ ਪ੍ਰੋਤਸਾਹਨ

• ਮਿਡਲ ਇਨਕਮ ਗਰੁੱਪ (ਸਲਾਨਾ ਆਮਦਨ : 6-18 ਲੱਖ ਰੁਪਏ) ਦੇ ਲਈ ਕ੍ਰੈਡਿਟ ਲਿੰਕਡ ਸਬਸਿਡੀ ਸਕੀਮ ਮਈ 2017 ਤੋਂ ਸੰਚਾਲਿਤ ਕੀਤੀ ਗਈ ਸੀ।

• ਸੀਐੱਲਐੱਸਐੱਸ ਨੂੰ 31 ਮਾਰਚ 2020 ਤੱਕ ਵਧਾਇਆ ਗਿਆ ਸੀ।

• ਯੋਜਨਾ ਨਾਲ ਹੁਣ ਤੱਕ 3.3 ਮੱਧਮ ਵਰਗ ਪਰਿਵਾਰਾਂ ਨੂੰ ਲਾਭ ਮਿਲਿਆ ਹੈ।

• **ਸਰਕਾਰ ਮਾਰਚ 2021 ਤੱਕ ਸੀਐੱਲਐੱਸਐੱਸ ਯੋਜਨਾ ਦਾ ਵਿਸਤਾਰ ਕਰੇਗੀ।**

• **2020-21 ਦੌਰਾਨ 2.5 ਮਿਡਲ ਇਨਕਮ ਪਰਿਵਾਰਾਂ ਨੂੰ ਲਾਭ ਮਿਲੇਗਾ।**

• ਹਾਊਸਿੰਗ ਵਿੱਚ **70,000 ਕਰੋੜ ਰੁਪਏ** ਤੋਂ ਵੱਧ ਦੇ ਨਿਵੇਸ਼ ਨੂੰ ਹੁਲਾਰਾ ਮਿਲੇਗਾ।

• **ਰੋਜ਼ਗਾਰ ਪੈਦਾ ਹੋਣਗੇ।**

• ਲੋਹਾ,ਸੀਮੈਂਟ, ਟਰਾਂਸਪੋਰਟ ਅਤੇ ਹੋਰ ਨਿਰਮਾਣ ਸਮੱਗਰੀ ਦੀ ਮੰਗ ਨੂੰ ਉਤਸ਼ਾਹਿਤ ਕਰੇਗਾ।



# ਕੈਂਪਾ ਫੰਡਾਂ ਦੀ ਵਰਤੋਂ ਨਾਲ 6,000 ਕਰੋੜ ਰੁਪਏ ਦਾ ਰੋਜ਼ਗਾਰ ਮਿਲੇਗਾ

ਸਾਡੇ ਸ਼ਹਿਰੀਆਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਲੋੜ

- ਕੰਪੈਨਸੇਟਰੀ ਜੰਗਲਾਤ ਪ੍ਰਬੰਧਨ ਅਤੇ ਯੋਜਨਾਬੰਦੀ ਅਥਾਰਿਟੀ (ਕੈਂਪਾ) ਦੀ ਸਥਾਪਨਾ ਕੰਪੈਨਸੇਟਰੀ ਅਫੌਰੈਸਟੇਸ਼ਨ ਫੰਡ ਐਕਟ, 2016 ਅਧੀਨ ਕੀਤੀ ਗਈ
- **6,000 ਕਰੋੜ ਰੁਪਏ** ਦੀਆਂ ਯੋਜਨਾਵਾਂ ਨੂੰ ਜਲਦੀ ਹੀ ਪ੍ਰਵਾਨਗੀ ਮਿਲੇਗੀ।
- ਰਾਜ ਸਰਕਾਰਾਂ ਦੁਆਰਾ ਫੰਡਾਂ ਦੀ ਵਰਤੋਂ ਹੋਵੇਗੀ -
  - **ਪੌਦੇ ਲਗਾਉਣ ਅਤੇ ਪਲਾਂਟੇਸ਼ਨ ਕਾਰਜਾਂ** ਲਈ ਸ਼ਹਿਰੀ ਇਲਾਕਿਆਂ ਸਮੇਤ
  - ਆਰਟੀਫਿਸ਼ੀਅਲ ਉੱਥਾਨ, ਕੁਦਰਤੀ ਉੱਥਾਨ ਵਿਚ ਸਹਾਇਤਾ
  - ਜੰਗਲਾਤ ਪ੍ਰਬੰਧਨ, ਮਿੱਟੀ ਅਤੇ ਨਮੀ ਸੰਭਾਲ਼ ਕਾਰਜ
  - ਜੰਗਲਾਂ ਅਤੇ ਜੰਗਲੀ ਜੀਵਨ ਸਬੰਧੀ ਢਾਂਚਾ ਵਿਕਾਸ, ਜੰਗਲੀ ਜੀਵ ਸੁਰੱਖਿਆ ਅਤੇ ਪ੍ਰਬੰਧਨ ਆਦਿ
- **ਸ਼ਹਿਰੀ, ਨੀਮ ਸ਼ਹਿਰੀ ਅਤੇ ਗ੍ਰਾਮੀਣ ਖੇਤਰਾਂ ਵਿੱਚ ਨੌਕਰੀ ਦੇ ਮੌਕੇ ਪੈਦਾ ਹੋਣਗੇ।**
- ਕਬਾਇਲੀਆਂ, ਆਦਿਵਾਸੀਆਂ ਲਈ ਨੌਕਰੀ ਦੇ ਮੌਕੇ ਪੈਦਾ ਹੋਣਗੇ।



# ਕਿਸਾਨਾਂ ਲਈ ਨਾਬਾਰਡ ਰਾਹੀਂ 30,000 ਕਰੋੜ ਰੁਪਏ ਦੀ ਐਡੀਸ਼ਨਲ ਐਮਰਜੈਂਸੀ ਵਰਕਿੰਗ ਕੈਪੀਟਲ ਫੰਡਿੰਗ

- ਛੋਟੇ ਅਤੇ ਸੀਮਾਂਤੀ ਕਿਸਾਨਾਂ ਕੋਲ ਨਾਕਾਫ਼ੀ ਵਿੱਤੀ ਸੰਸਾਧਨ।
- ਆਰਆਰਬੀ ਅਤੇ ਗ੍ਰਾਮੀਣ ਸਹਿਕਾਰੀ ਬੈਂਕ ਕਰਜ਼ੇ ਦੇ ਮੁੱਖ ਸੰਸਾਧਨ।
- **ਨਾਬਾਰਡ 30,000 ਕਰੋੜ ਰੁਪਏ ਦੀ ਵਾਧੂ ਰੀਫਾਇਨਾਂਸ ਮਦਦ ਫਸਲੀ ਕਰਜ਼ੇ ਦੀ ਲੋੜ ਗ੍ਰਾਮੀਣ ਸਹਿਕਾਰੀ ਬੈਂਕਾਂ ਅਤੇ ਆਰਆਰਬੀ ਨੂੰ ਪੂਰਾ ਕਰਨ ਲਈ ਮੁਹੱਈਆ ਕਰਵਾਏਗਾ।**
- ਇਹ ਨਾਬਾਰਡ ਦੁਆਰਾ ਪਹਿਲਾਂ ਹੀ **ਨਾਰਮਲ ਰੀਫਾਇਨਾਂਸ ਰੂਟ** ਰਾਹੀਂ ਪ੍ਰਦਾਨ ਕੀਤੀ **90,000 ਕਰੋੜ ਰੁਪਏ** ਦੀ ਮਦਦ ਤੋਂ ਵੱਖ ਹੋਵੇਗੀ।
- 33 ਰਾਜ ਸਹਿਕਾਰੀ ਬੈਂਕਾਂ, 351 ਜ਼ਿਲ੍ਹਾ ਸਹਿਕਾਰੀ ਬੈਂਕਾਂ ਅਤੇ 43 ਆਰਆਰਬੀਜ਼ ਨੂੰ ਉਨ੍ਹਾਂ ਦੇ ਕਰਜ਼ੇ ਦੇ ਅਧਾਰ ਉੱਤੇ **ਫਰੰਟ ਲੋਡਿਡ ਔਨ-ਟੈਪ ਸਹੂਲਤ।**
- **3 ਕਰੋੜ ਦੇ ਕਰੀਬ ਕਿਸਾਨਾਂ ਨੂੰ ਲਾਭ** - ਜ਼ਿਆਦਾਤਰ ਛੋਟੇ ਅਤੇ ਸੀਮਾਂਤੀ ਕਿਸਾਨ।
- **ਕਟਾਈ ਤੋਂ ਬਾਅਦ (ਰਬੀ) ਅਤੇ ਚਾਲੂ ਖਰੀਫ** ਦੀਆਂ ਮਈ ਜੂਨ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ।



# ਕਿਸਾਨ ਕ੍ਰੈਡਿਟ ਕਾਰਡਾਂ ਰਾਹੀਂ 2.5 ਕਰੋੜ ਕਿਸਾਨਾਂ ਨੂੰ 2 ਲੱਖ ਕਰੋੜ ਰੁਪਏ ਦੇ ਰਿਆਇਤੀ ਕਰਜ਼ੇ

- ਕਿਸਾਨ ਕ੍ਰੈਡਿਟ ਕਾਰਡਾਂ ਰਾਹੀਂ ਪੀਐੱਮ-ਕਿਸਾਨ ਲਾਭਾਰਥੀਆਂ ਨੂੰ ਰਿਆਇਤੀ ਕਰਜ਼ਾ ਪ੍ਰਦਾਨ ਕਰਨ ਲਈ **ਵਿਸ਼ੇਸ਼ ਮੁਹਿੰਮ**।
- **ਮਛੇਰੇ ਅਤੇ ਪਸ਼ੂ ਪਾਲਣ ਵਾਲੇ ਕਿਸਾਨ** ਵੀ ਇਸ ਮੁਹਿੰਮ ਵਿੱਚ ਸ਼ਾਮਲ ਹੋਣਗੇ।
- ਇਸ ਨਾਲ ਅਜਿਹੇ ਕਿਸਾਨਾਂ ਨੂੰ ਰਿਆਇਤੀ ਰੇਟ ਉੱਤੇ ਕਰਜ਼ੇ ਲਈ ਸੰਸਥਾਗਤ ਕਰਜ਼ੇ ਤੱਕ ਪਹੁੰਚ ਮਿਲੇਗੀ।
- **2.5 ਕਰੋੜ ਕਿਸਾਨਾਂ** ਨੂੰ ਕਿਸਾਨ ਕ੍ਰੈਡਿਟ ਕਾਰਡਾਂ ਰਾਹੀਂ **2 ਲੱਖ ਕਰੋੜ ਰੁਪਏ** ਦਾ ਰਿਆਇਤੀ ਕਰਜ਼ਾ।



# ਧੰਨਵਾਦ